AQA

Please write clearly in block capitals.

Centre number | | | | | | Candidate number | | | | |

Surname ______________________________

Forename(s) ______________________________

Candidate signature ______________________________
I declare this is my own work.

# GCSE
# PANJABI

# H

## Higher Tier Paper 3 Reading

Wednesday 12 June 2024 Afternoon Time allowed: 1 hour

**Materials**
You will need no other materials.

**Instructions**
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Do **not** write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- In **Section A**, answer the questions in **English**.
  In **Section B**, answer the questions in **Panjabi**.
  In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| 10 | |
| 11 | |
| 12 | |
| **TOTAL** | |

Do not write outside the box

## Section A

Questions and answers in **English**

Answer **all** questions in the spaces provided.

**0 1** **The Beauty of the Whole Country**

Read this passage adapted from the short story *The Beauty of the Whole Country* by Professor Puran Singh.

ਅਨੀਤਾ ਆਪਣੀਆਂ ਛੁੱਟੀਆਂ ਬਚਪਨ ਦੀਆਂ ਸਹੇਲੀਆਂ ਨਾਲ ਬਿਤਾਉਣਾ ਚਾਹੁੰਦੀ ਸੀ ਪਰ ਭੂਪੀ ਨੇ ਕਿਹਾ, "ਮੈਂ ਅਤੇ ਮੇਰਾ ਦੋਸਤ ਦਲੀਪ, ਕਾਲਜ ਵਿੱਚ ਇਕੱਠੇ ਪੜ੍ਹੇ ਸੀ। ਮੈਂ ਉਸ ਦੇ ਘਰ ਕਈ ਰਾਤਾਂ ਗੁਜ਼ਾਰੀਆਂ ਸਨ। ਉਸ ਦੇ ਮਾਪੇ ਮੈਨੂੰ ਬਹੁਤ ਪਿਆਰ ਕਰਦੇ ਸਨ। ਉਹ ਮੇਰੇ ਅਤੇ ਦਲੀਪ ਵਿੱਚ ਕੋਈ ਫਰਕ ਨਹੀਂ ਕਰਦੇ ਸਨ। ਉਹ ਦੋਵੇਂ ਆਪਣਾ ਕਾਲਜ ਚਲਾਉਂਦੇ ਸਨ। ਉਸ ਦੀ ਮਾਤਾ ਨੇ ਪਤੀ ਦੀ ਮੌਤ ਪਿੱਛੋਂ, ਕਾਲਜ ਬੰਦ ਕਰਕੇ ਇੱਕ ਸਕੂਲ ਵਿੱਚ ਪੰਜਾਬੀ ਅਧਿਆਪਕਾ ਦੀ ਨੌਕਰੀ ਕਰ ਲਈ ਸੀ। ਦਲੀਪ ਨੂੰ ਅਮਰੀਕਾ ਗਏ ਨੂੰ ਕਈ ਸਾਲ ਹੋ ਗਏ ਹਨ ਪਰ ਉਹ ਆਪਣੀ ਮਾਂ ਦਾ ਹਾਲ-ਚਾਲ ਨਹੀਂ ਪੁੱਛਦਾ। ਮੈਂ ਉਸ ਦੀ ਮਾਤਾ ਨੂੰ ਜ਼ਰੂਰ ਮਿਲਣਾ ਚਾਹੁੰਦਾ ਹਾਂ।"

Write **T** if the statement is **true**.

**F** if the statement is **false**.

**NT** if the information is **not in the text**.

**0 1 . 1** Anita wanted to spend the holidays with her friends. **[1 mark]**

**0 1 . 2** Bhoopi wanted to visit the historical places in Rajasthan. **[1 mark]**

**0 1 . 3** Duleep used to sleep over at Bhoopi's house. **[1 mark]**

**0 1 . 4** Duleep's mother loved Duleep and Bhoopi equally. **[1 mark]**

**0 1 . 5** Duleep's father was self-employed. **[1 mark]**

*Do not write outside the box*

**0 1 . 6** Duleep's mother closed down the college after her husband's death. **[1 mark]**

**0 1 . 7** Duleep does **not** have any contact with his mother. **[1 mark]**

7

**Turn over for the next question**

Do not write outside the box

**0 2** **A new smartphone**

Read the news about a new smartphone.

**ਇੱਕ ਨਵਾਂ ਸਮਾਰਟ ਫੋਨ**

- ਇਸ ਸਮਾਰਟ ਫੋਨ ਦੀ ਬਜ਼ੁਰਗ ਆਸਾਨੀ ਨਾਲ ਵਰਤੋਂ ਕਰ ਸਕਦੇ ਹਨ।
- ਬਜ਼ੁਰਗ ਇਸ ਸਮਾਰਟ ਫੋਨ ਦੇ ਨੰਬਰ ਆਸਾਨੀ ਨਾਲ ਪੜ੍ਹ ਸਕਦੇ ਹਨ ਕਿਉਂਕਿ ਕਾਫੀ ਵੱਡੇ ਹਨ। ਇਸ ਫੋਨ ਦੀ ਰਿੰਗ ਟੋਨ ਦੀ ਆਵਾਜ਼ ਵੀ ਕਾਫੀ ਉੱਚੀ ਹੈ।
- ਇਸ ਫੋਨ ਤੇ ਬਜ਼ੁਰਗਾਂ ਲਈ ਆਪਣੇ ਦੋਸਤ ਜਾਂ ਪਰਿਵਾਰ ਦੇ ਮੈਂਬਰਾਂ ਨੂੰ ਜਲਦੀ ਕਾਲ ਕਰਨ ਲਈ ਇੱਕ ਸਹਾਇਤਾ ਬਟਨ ਵੀ ਹੈ।
- ਇਸ ਫੋਨ ਦੀ ਬੈਟਰੀ ਜਲਦੀ ਚਾਰਜ ਹੋ ਜਾਂਦੀ ਹੈ ਅਤੇ ਫਿਰ ਪੂਰਾ ਹਫਤਾ ਬੈਟਰੀ ਚਾਰਜ ਕਰਨ ਦੀ ਲੋੜ ਨਹੀਂ ਪੈਂਦੀ।

Answer the following questions in **English**.

**0 2 . 1** Who is the new smartphone designed for?

**[1 mark]**

______________________________________________

**0 2 . 2** What are the **three** accessibility features of this smartphone?

**[3 marks]**

1 ______________________________________________

______________________________________________

2 ______________________________________________

______________________________________________

3 ______________________________________________

______________________________________________

**0 2 . 3** How long does the battery last?

**[1 mark]**

______________________________________________

5

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 3** **Career choices**

Read this blog post where young people are discussing their career choices.

| | |
|---|---|
| **Prabhjot** | ਮੈਂ ਇਤਿਹਾਸ, ਭੂਗੋਲ ਅਤੇ ਭਾਸ਼ਾਵਾਂ ਦੀ ਪੜ੍ਹਾਈ ਕਰਾਂਗਾ ਤਾਂ ਕਿ ਯਾਤਰੀਆਂ ਨੂੰ ਰਸਤਾ ਦੱਸਣ ਵਾਲਾ ਬਣ ਸਕਾਂ। |
| **Gurleen** | ਸਕੂਲ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਮੈਂ ਅੱਗੇ ਨਹੀਂ ਪੜ੍ਹਨਾ ਚਾਹੁੰਦੀ ਸਗੋਂ ਆਪਣੇ ਪਿਤਾ ਜੀ ਦੇ ਵਪਾਰ ਵਿੱਚ ਸਹਾਇਤਾ ਕਰਨਾ ਚਾਹੁੰਦੀ ਹਾਂ। |
| **Manraj** | ਮੈਂ ਏ-ਲੈਵਲ ਕਰਨ ਤੋਂ ਬਾਅਦ ਮਰੀਜ਼ਾਂ ਦੀਆਂ ਬਿਮਾਰੀਆਂ ਦੇ ਇਲਾਜ ਨਾਲ ਸੰਬੰਧਿਤ ਵਿਗਿਆਨ ਵਿੱਚ ਉੱਚ-ਵਿੱਦਿਆ ਪ੍ਰਾਪਤ ਕਰਾਂਗੀ। |
| **Harpreet** | ਮੈਂ ਹਰ ਵਿਸ਼ੇ ਤੇ ਬਹਿਸ ਕਰਦੀ ਹਾਂ, ਇਸ ਕਰਕੇ ਮੇਰਾ ਖਿਆਲ ਹੈ ਕਿ ਮੈਂ ਇੱਕ ਵਧੀਆ ਵਕੀਲ ਬਣ ਸਕਦੀ ਹਾਂ। |
| **Amardeep** | ਮੇਰਾ ਦਿਮਾਗ, ਖਰਾਬ ਕੰਪਿਊਟਰ ਨੂੰ ਠੀਕ ਕਰਨ ਵਿੱਚ ਕਾਫੀ ਚਲਦਾ ਹੈ ਇਸ ਲਈ ਮੇਰਾ ਕੰਪਿਊਟਰ ਵਿਗਿਆਨ ਪੜ੍ਹਨ ਦਾ ਇਰਾਦਾ ਹੈ। |
| **Sukhleen** | ਮੈਂ ਅੰਗਰੇਜ਼ੀ ਵਿੱਚ ਬਹੁਤ ਹੁਸ਼ਿਆਰ ਹਾਂ ਇਸ ਲਈ ਮੈਂ ਯੂਨੀਵਰਸਟੀ ਵਿੱਚ ਰਾਜਨੀਤੀ ਸ਼ਾਸਤਰ ਦੀ ਪੜ੍ਹਾਈ ਕਰਕੇ ਰਾਜਨੀਤਕ ਲੀਡਰ ਬਣਨਾ ਚਾਹੁੰਦੀ ਹਾਂ। |

*Do not write outside the box*

Write **P** for Prabhjot.
**G** for Gurleen.
**M** for Manraj.
**H** for Harpreet.
**A** for Amardeep.
**S** for Sukhleen.

Write the **first** letter of the **correct** name in each box.

**0 3 . 1** Who wants to be a doctor? ☐ **[1 mark]**

**0 3 . 2** Who wants to be a politician? ☐ **[1 mark]**

**0 3 . 3** Who wants to be in the family business? ☐ **[1 mark]**

**0 3 . 4** Who wants to be a lawyer? ☐ **[1 mark]**

**0 3 . 5** Who wants to be a tour guide? ☐ **[1 mark]**

**5**

**Turn over for the next question**

Do not write outside the box

**0 4** **A festival**

Read this article about a festival in a Panjabi magazine.

ਦੀਵਾਲੀ ਵਾਲੇ ਦਿਨ ਲੋਕ ਘਰਾਂ ਦੀ ਸਫਾਈ ਕਰਦੇ ਹਨ, ਨਵੇਂ ਕੱਪੜੇ ਪਾਉਂਦੇ ਹਨ, ਘਰਾਂ ਨੂੰ ਲਾਈਟਾਂ ਨਾਲ ਸਜਾਉਂਦੇ ਹਨ ਅਤੇ ਰਿਸ਼ਤੇਦਾਰਾਂ ਵਿੱਚ ਮਿਠਿਆਈਆਂ ਵੰਡਦੇ ਹਨ। ਹਿੰਦੂ ਲੋਕ ਇਹ ਦਿਵਸ ਸ਼੍ਰੀ ਰਾਮ ਚੰਦਰ ਜੀ ਦੇ ਚੌਦਾਂ ਸਾਲਾਂ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆਉਣ ਦੀ ਖੁਸ਼ੀ ਵਿੱਚ ਮਨਾਉਂਦੇ ਹਨ। ਸਿੱਖ ਲੋਕ ਇਸ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਉਂਦੇ ਹਨ। ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ਼੍ਰੀ ਹਰਿਗੋਬਿੰਦ ਸਾਹਿਬ ਜੀ ਨੇ 52 ਪਹਾੜੀ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿੱਚੋਂ ਰਿਹਾਅ ਕਰਵਾਇਆ ਸੀ। ਸਿੱਖ ਲੋਕ ਇਹ ਤਿਉਹਾਰ ਹਰ ਗੁਰਦਵਾਰੇ ਵਿੱਚ ਬੜੀ ਧੂਮ-ਧਾਮ ਨਾਲ ਮਨਾਉਂਦੇ ਹਨ ਪਰ ਅੰਮ੍ਰਿਤਸਰ ਦੀ ਦੀਵਾਲੀ ਦੀ ਸ਼ਾਨ ਹੀ ਵੱਖਰੀ ਹੈ।

ਹਿੰਦੂ ਇਸ ਦਿਨ ਮੰਦਰਾਂ ਵਿੱਚ ਮਾਤਾ ਲਕਸ਼ਮੀ ਜੀ ਦੀ ਪੂਜਾ ਕਰਦੇ ਹਨ ਅਤੇ ਆਪਣੇ ਘਰਾਂ ਤੇ ਦੀਪਮਾਲਾ ਕਰਦੇ ਹਨ। ਉਹ ਘਰਾਂ ਨੂੰ ਸਜਾ ਕੇ, ਆਪਣੇ ਘਰਾਂ ਦੇ ਦਰਵਾਜ਼ੇ ਖੁੱਲ੍ਹੇ ਰੱਖਦੇ ਹਨ ਤਾਂ ਕਿ ਮਾਤਾ ਲਕਸ਼ਮੀ ਜੀ ਉਨ੍ਹਾਂ ਦੇ ਘਰ ਵਿੱਚ ਫੇਰਾ ਪਾ ਸਕੇ। ਹਿੰਦੂਆਂ ਦਾ ਵਿਸ਼ਵਾਸ ਹੈ ਕਿ ਮਾਤਾ ਲਕਸ਼ਮੀ ਜੀ ਹਰ ਘਰ ਵਿੱਚ ਗੇੜਾ ਮਾਰਦੀ ਹੈ ਪਰ ਜਿਹੜਾ ਘਰ ਉਸ ਨੂੰ ਭਾਉਂਦਾ ਹੈ ਉਸ ਘਰ ਦੇ ਲੋਕ ਅਮੀਰ ਹੋ ਜਾਂਦੇ ਹਨ।

Write **A** if only statement **A** is correct.

**B** if only statement **B** is correct.

**A+B** if both statements **A** and **B** are correct.

**0 4 . 1**

| | |
|---|---|
| **A** | People clean their homes. |
| **B** | People wear new clothes. |

**[1 mark]**

**0 4 . 2**

| | |
|---|---|
| **A** | People share sweets with each other. |
| **B** | People call their friends for dinner. |

**[1 mark]**

**0 4 . 3**

| | |
|---|---|
| **A** | The Sikhs and Hindus celebrate this festival for different reasons. |
| **B** | The Sikhs stay at home with their families on this occasion. |

**[1 mark]**

*Do not write outside the box*

**0 4 . 4**

| | |
|---|---|
| **A** | The Hindus worship many deities at the temple on Diwali. |
| **B** | The celebrations of this festival at the Golden Temple are unique. |

**[1 mark]**

**0 4 . 5**

| | |
|---|---|
| **A** | The Hindus decorate their houses. |
| **B** | The Hindus lock their houses before going out. |

**[1 mark]**

**5**

**Turn over for the next question**

Do not write outside the box

**0 5** **Marriage**

Read an article extract from a Panjabi magazine.

Complete the text using words in the list.

Write the correct letter in each box.

ਪਹਿਲਾਂ ਪੰਜਾਬੀ ਮਾਪੇ ਆਪਣੇ ਬੱਚਿਆਂ ਤੇ ਪੱਚੀ-ਕੁ ਸਾਲ ਦੀ ਉਮਰ ਤੋਂ ਪਹਿਲਾਂ- ਪਹਿਲਾਂ [ ] ਕਰਾਉਣ ਲਈ ਦਬਾਅ ਪਾਉਂਦੇ ਸਨ। ਅੱਜ ਕੱਲ੍ਹ ਦੇ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਇਸ ਗੱਲ ਨਾਲ [ ] ਨਹੀਂ ਹਨ ; ਉਹ [ ] ਵਿਆਹ ਵਿੱਚ ਵਿਸ਼ਵਾਸ਼ ਰੱਖਦੇ ਹਨ; ਉਹ ਜਲਦੀ ਵਿਆਹ ਨਹੀਂ ਕਰਵਾਉਣਾ ਚਾਹੁੰਦੇ ਕਿਉਂਕਿ ਉਹ ਪਹਿਲਾਂ ਪੜ੍ਹ ਲਿਖ ਕੇ ਆਪਣੇ ਪੈਰਾਂ ਤੇ [ ] ਹੋਣਾ ਚਾਹੁੰਦੇ ਹਨ।

| | |
|---|---|
| **A** | ਪ੍ਰੇਮ |
| **B** | ਬੱਚੇ |
| **C** | ਨੌਜਵਾਨ |
| **D** | ਸਹਿਮਤ |
| **E** | ਕੁੜੀਆਂ |
| **F** | ਵਿਆਹ |
| **G** | ਖੜ੍ਹੇ |
| **H** | ਉਮਰ |

**[4 marks]**

4

Do not write outside the box

**0 6** **Charity**

Read an article from a charity website.

ਗੁਰਕੀਰਤ ਦੇ ਮਾਪੇ ਦਿਨ ਭਰ ਮਜ਼ਦੂਰੀ ਕਰਦੇ ਹਨ ਪਰ ਉਨ੍ਹਾਂ ਦਾ ਗੁਜ਼ਾਰਾ ਮੁਸ਼ਕਲ ਨਾਲ ਹੁੰਦਾ ਹੈ। ਗੁਰਕੀਰਤ ਨੂੰ ਆਪਣੇ ਛੋਟੇ ਭਰਾ ਦੀ ਦੇਖਭਾਲ ਕਰਨੀ ਪੈਂਦੀ ਹੈ, ਜਦੋਂ ਕਿ ਉਸ ਨੂੰ ਇਸ ਉਮਰ ਵਿੱਚ ਪੜ੍ਹਾਈ ਕਰਨੀ ਚਾਹੀਦੀ ਹੈ। ਗੁਰਕੀਰਤ ਵਰਗੇ ਹੋਰ ਵੀ ਬਹੁਤ ਸਾਰੇ ਬੱਚੇ ਹਨ ਜਿਨ੍ਹਾਂ ਨੂੰ ਛੋਟੀ ਉਮਰ ਵਿੱਚ ਹੀ ਆਪਣੇ ਭੈਣ-ਭਰਾਵਾਂ ਦੀ ਦੇਖਭਾਲ ਕਰਨੀ ਪੈਂਦੀ ਹੈ।

ਅਜਿਹੇ ਬੱਚਿਆਂ ਦੀ ਸਹਾਇਤਾ ਕਰਨ ਲਈ ਅਸੀਂ ਪੰਜ ਹਜ਼ਾਰ ਬੱਚਿਆਂ ਦੀ ਸਿੱਖਿਆ ਦਾ ਪੂਰਾ ਖਰਚ ਉਠਾਉਣ ਦਾ ਟੀਚਾ ਨਿਸ਼ਚਿਤ ਕੀਤਾ ਹੈ ਇਸ ਲਈ ਅਸੀਂ ਹਰ ਵਪਾਰੀ ਨੂੰ ਇੱਕ ਸੌ ਰੁਪਏ ਅਤੇ ਹਰ ਘਰ ਨੂੰ ਪੰਜਾਹ ਰੁਪਏ ਦਾਨ ਵਿੱਚ ਦੇਣ ਲਈ ਬੇਨਤੀ ਕਰ ਰਹੇ ਹਾਂ।

Answer the following questions in **English**.

**0 6 . 1** What problem do Gurkirat's parents have?

**[1 mark]**

______________________________________________________________________

______________________________________________________________________

**0 6 . 2** What responsibility does Gurkirat have now?

**[1 mark]**

______________________________________________________________________

______________________________________________________________________

**0 6 . 3** How will children benefit from this charity?

**[1 mark]**

______________________________________________________________________

______________________________________________________________________

**3**

**Turn over ▶**

Do not write outside the box

**0 7** **Sports**

Read a blog where Panjabi students are discussing their views about playing sports.

**Japjot**

ਖੇਡਾਂ ਵਿਦਿਆਰਥੀਆਂ ਵਿੱਚ ਜਿੱਤਣ ਦੀ ਇੱਛਾ ਅਤੇ ਆਪਸੀ ਪਿਆਰ ਵਧਾਉਂਦੀਆਂ ਹਨ। ਕਈ ਵਾਰੀ ਕੁਝ ਵਿਦਿਆਰਥੀ ਖੇਡਾਂ ਵੱਲ ਇੰਨਾ ਧਿਆਨ ਦੇਣ ਲੱਗ ਜਾਂਦੇ ਹਨ ਕਿ ਉਹ ਪੜ੍ਹਾਈ ਕਰਨ ਬਾਰੇ ਭੁੱਲ ਹੀ ਜਾਂਦੇ ਹਨ।

**Ranveer**

ਵਿਦਿਆਰਥੀਆਂ ਲਈ ਹਰ ਰੋਜ਼ ਖੇਡਾਂ ਲਈ ਸਮਾਂ ਕੱਢਣਾ ਬਹੁਤ ਔਖਾ ਹੈ। ਖੇਡਾਂ ਦਾ ਸਾਮਾਨ ਖਰੀਦਣਾ ਹਰੇਕ ਦੇ ਵਸ ਦੀ ਗੱਲ ਨਹੀਂ ਹੈ। ਖੇਡਾਂ ਖੇਡਣ ਨਾਲ ਵਿਦਿਆਰਥੀ ਰਲ-ਮਿਲ ਕੇ ਕੰਮ ਕਰਨਾ ਸਿੱਖਦੇ ਹਨ। ਖੇਡਾਂ ਖੇਡਣ ਦੀ ਇਹ ਆਦਤ ਉਨ੍ਹਾਂ ਨੂੰ ਆਉਣ ਵਾਲੇ ਭਵਿੱਖ ਵਿੱਚ ਖਤਰਨਾਕ ਬਿਮਾਰੀਆਂ ਜਿਵੇਂ ਕਿ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਤੋਂ ਦੂਰ ਰੱਖ ਸਕਦੀ ਹੈ।

For each student, write down **one** advantage and **one** disadvantage of playing sports.

Answer in **English**.

**0 7 . 1** Japjot

| Advantage | Disadvantage |
| --- | --- |
| | |

**[2 marks]**

**0 7 . 2** Ranveer

| Advantage | Disadvantage |
| --- | --- |
| | |

**[2 marks]**

4

Do not write outside the box

**Turn over for Section B**

**DO NOT WRITE ON THIS PAGE**
**ANSWER IN THE SPACES PROVIDED**

Do not write outside the box

## Section B

Questions and answers in **Panjabi**

Answer **all** questions in the spaces provided.

**0 8** **ਜੰਗਨਾਮਾ**

ਸ਼ਾਹ ਮੁਹੰਮਦ ਦੇ ਲਿਖੇ 'ਜੰਗਨਾਮੇ' ਵਿੱਚੋਂ ਹੇਠ ਲਿਖੀ ਕਵਿਤਾ ਦੇ ਅੰਸ਼ ਪੜ੍ਹੋ।

ਝੰਡੇ ਲੈ ਕੇ ਤੁਰਨ ਦਾ ਹੁਕਮ ਹੋਇਆ,
ਘੋੜੇ ਚੜ੍ਹੇ ਬਹਾਦਰ ਪੁੱਤ ਸਰਦਾਰਾਂ ਦੇ,
ਜਿਵੇਂ ਜੰਗਲ ਤੋਂ ਨਿਕਲਦੇ ਸ਼ੇਰ ਜੀ।
ਤੁਰੇ ਸਭ ਮਾਝੇ ਤੇ ਦੁਆਬੇ ਵਾਲੇ ,
ਜਿਨ੍ਹਾਂ ਬਹੁਤ ਕਿਲ੍ਹੇ ਫਤਿਹ ਕੀਤੇ ਜੀ।
ਚੜ੍ਹੇ ਊਠਾਂ ਤੇ ਛੋਟੀਆਂ ਤੋਪਾਂ ਵਾਲੇ,
ਹੋਇਆ ਹੁਕਮ ਨਾ ਲਾਉਂਦੇ ਦੇਰ ਜੀ।
ਲੜਾਈ ਹਿੰਦ ਪੰਜਾਬ ਦੀ ਹੋਣ ਲੱਗੀ,
ਦੋਵੇ ਫੌਜਾਂ ਭਾਰੀਆਂ ਜੀ।
ਅੱਜ ਹੋਵੇ 'ਸ਼ੇਰੇ ਪੰਜਾਬ' ਤਾਂ ਕਦਰ ਪਾਵੇ,
ਜਿਹੜੀਆਂ ਖ਼ਾਲਸੇ ਨੇ ਕਿਰਪਾਨਾਂ ਚਲਾਈਆਂ ਜੀ।
ਦੇਖੇ ਆਦਮੀ ਗੋਲੀਆਂ ਨਾਲ ਮਰਦੇ
ਹਾਥੀ ਡਿਗਦੇ ਸਣੇ ਸਵਾਰੀਆਂ ਜੀ।
ਸ਼ਾਹ ਮੁਹੰਮਦਾ ਮਹਾਰਾਜਾ ਰਣਜੀਤ ਸਿੰਘ ਬਿਨਾਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਜੀ।

ਸਹੀ ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ।

**0 8 . 1** ਪੰਜਾਬ ਦੇ ਪੁੱਤਰਾਂ ਦਾ ਮੁਕਾਬਲਾ ਕਿਸ ਦੇ ਨਾਲ ਕੀਤਾ ਗਿਆ ਹੈ?

| | |
|---|---|
| **A** | ਸ਼ੇਰਾਂ ਨਾਲ |
| **B** | ਘੋੜਿਆਂ ਨਾਲ |
| **C** | ਊਠਾਂ ਨਾਲ |

☐

**[1 mark]**

*Do not write outside the box*

**0 8 . 2** ਮਾਝੇ ਅਤੇ ਦੁਆਬੇ ਦੇ ਲੋਕਾਂ ਦੀ ਕੀ ਖਾਸ ਗੱਲ ਹੈ ?

| | |
|---|---|
| **A** | ਦੋਵੇਂ ਥਾਂਵਾਂ ਦੇ ਲੋਕ ਬਹਾਦਰ ਹਨ। |
| **B** | ਦੋਵੇਂ ਕਦੇ ਵੀ ਹਾਰ ਨਹੀਂ ਮੰਨਦੇ। |
| **C** | ਦੋਵੇਂ ਜਿੱਤਾਂ ਪ੍ਰਾਪਤ ਕਰ ਚੁੱਕੇ ਹਨ। |

**[1 mark]**

**0 8 . 3** ਕਵਿਤਾ ਵਿੱਚ ਅੰਗਰੇਜ਼ਾਂ ਅਤੇ ਪੰਜਾਬ ਦੀਆਂ ਫੌਜਾਂ ਬਾਰੇ ਕੀ ਕਿਹਾ ਗਿਆ ਹੈ ?

| | |
|---|---|
| **A** | ਅੰਗਰੇਜ਼ਾਂ ਦੀ ਫੌਜ ਸਭ ਤੋਂ ਵੱਡੀ ਸੀ। |
| **B** | ਦੋਵੇਂ ਹੀ ਫੌਜਾਂ ਇੱਕੋ ਜਿਹੀਆਂ ਸਨ। |
| **C** | ਪੰਜਾਬ ਦੀ ਫੌਜ ਸਭ ਤੋਂ ਵੱਡੀ ਸੀ। |

**[1 mark]**

**0 8 . 4** ਲੜਾਈ ਵਿੱਚ ਪੰਜਾਬ ਦੀ ਹਾਰ ਦਾ ਕੀ ਕਾਰਨ ਸੀ ?

| | |
|---|---|
| **A** | ਜ਼ਿਆਦਾ ਸਿੰਘ ਸਿਪਾਹੀਆਂ ਦਾ ਮਾਰੇ ਜਾਣਾ। |
| **B** | ਹਾਥੀਆਂ ਦਾ ਡਰ ਕੇ ਸਵਾਰਾਂ ਨੂੰ ਥੱਲੇ ਸੁੱਟਣਾ। |
| **C** | ਪੰਜਾਬ ਦੇ ਰਾਜੇ ਦਾ ਲੜਾਈ ਵਿੱਚ ਨਾ ਹੋਣਾ। |

**[1 mark]**

4

**Turn over for the next question**

*Do not write outside the box*

**0 9** **ਉੱਚ-ਵਿੱਦਿਆ**

ਦੋ ਵਿਦਿਆਰਥੀਆਂ ਦਾ ਉੱਚ-ਵਿੱਦਿਆ ਪ੍ਰਾਪਤ ਕਰਨ ਬਾਰੇ ਬਲੌਗ ਪੜ੍ਹੋ।

| | |
|---|---|
| **ਚਰਨਜੀਤ** | ਮੈਂ ਡਿਗਰੀ ਕਰਨ ਲਈ ਯੂਨੀਵਰਸਿਟੀ ਜਾਵਾਂਗੀ ਫਿਰ ਮੇਰੇ ਕੋਲ ਚੰਗੀ ਨੌਕਰੀ ਪ੍ਰਾਪਤ ਕਰਨ ਦੇ ਵੱਧ ਮੌਕੇ ਹੋਣਗੇ। ਪਹਿਲਾਂ, ਮੈਂ ਅੱਗੇ ਪੜ੍ਹਾਈ ਨਹੀਂ ਕਰਨੀ ਚਾਹੁੰਦੀ ਸੀ। ਹੁਣ, ਮੈਂ ਵਿਗਿਆਨ ਦੇ ਵਿਸ਼ੇ ਪੜ੍ਹਦੀ ਹਾਂ। |
| **ਅਜੀਤ** | ਮੈਨੂੰ ਪੜ੍ਹਾਈ ਕਰਨ ਨਾਲੋਂ ਹੱਥਾਂ ਨਾਲ ਕੰਮ ਕਰਨਾ ਚੰਗਾ ਲਗਦਾ ਹੈ। ਪਿਛਲੇ ਸਾਲ, ਮੈਂ ਕਾਰਾਂ ਠੀਕ ਕਰਨ ਵਾਲੇ ਗੈਰਜ ਵਿੱਚ ਕੰਮ ਕੀਤਾ ਸੀ। ਮੈਂ ਤਾਂ ਕਾਰ ਮਕੈਨਿਕ ਦਾ ਕੰਮ ਸਿੱਖਾਂਗਾ। |

ਬੀਤੇ ਸਮੇਂ ਵਿੱਚ ਕਿਹੜੀਆਂ **ਦੋ** ਕਿਰਿਆਵਾਂ ਸਨ ਅਤੇ ਆਉਣ ਵਾਲੇ ਸਮੇਂ ਵਿੱਚ ਕਿਹੜੀਆਂ **ਦੋ** ਕਿਰਿਆਵਾਂ ਹੋਣਗੀਆਂ?

**ਪੰਜਾਬੀ** ਵਿੱਚ ਹੇਠਲੇ ਖਾਨਿਆਂ ਨੂੰ ਪੂਰਾ ਕਰੋ।

| | **ਪੁਰਾਣੇ ਸਮੇਂ ਵਿੱਚ** | **ਹੁਣ ਦੇ ਸਮੇਂ ਵਿੱਚ** | **ਆਉਣ ਵਾਲੇ ਸਮੇਂ ਵਿੱਚ** |
|---|---|---|---|
| **ਚਰਨਜੀਤ** | | ਵਿਗਿਆਨ ਦੇ ਵਿਸ਼ੇ ਪੜ੍ਹਨਾ | |
| **ਅਜੀਤ** | | ਹੱਥੀਂ ਕੰਮ ਕਰਨਾ | |

**[4 marks]**

4

Do not write outside the box

**1 0** **ਮੇਰਾ ਪਿੰਡ**

ਤੁਸੀਂ ਆਪਣੇ ਚਾਚੇ ਦੇ ਮੁੰਡੇ ਦਾ ਉਸ ਦੇ ਪਿੰਡ ਬਾਰੇ ਬਲੌਗ ਪੜ੍ਹਦੇ ਹੋ।

ਮੇਰੇ ਪਿੰਡ ਵਿੱਚ ਤਿੰਨ ਸਕੂਲ ਹਨ ਜਿਨ੍ਹਾਂ ਵਿੱਚੋਂ ਦੋ ਅੰਗਰੇਜ਼ੀ ਸਕੂਲ ਅਤੇ ਇੱਕ ਸਰਕਾਰੀ ਹਾਈ ਸਕੂਲ ਹੈ। ਉੱਚ-ਵਿੱਦਿਆ ਪ੍ਰਾਪਤ ਕਰਨ ਲਈ ਵਿਦਿਆਰਥੀ ਲਾਗਲੇ ਸ਼ਹਿਰ ਵਿੱਚ ਜਾਂਦੇ ਹਨ ਜਿਹੜਾ ਸਿਰਫ ਪੰਜ-ਕੁ ਮੀਲ ਦੂਰ ਹੈ ਪਰ ਅੱਜ ਕੱਲ੍ਹ ਜ਼ਿਆਦਾ ਵਿਦਿਆਰਥੀ ਬਾਰ੍ਹਵੀਂ ਜਮਾਤ ਪਾਸ ਕਰਕੇ ਆਈਲੈੱਟ ਕਰ ਰਹੇ ਹਨ ਤਾਂ ਕਿ ਉਹ ਬਾਹਰਲੇ ਦੇਸ਼ ਵਿੱਚ ਉੱਚ-ਸਿੱਖਿਆ ਲਈ ਜਾ ਸਕਣ।

ਹੁਣ ਲੋਕਾਂ ਨੂੰ ਸ਼ਹਿਰ ਜਾਣ ਦੀ ਕੋਈ ਲੋੜ ਨਹੀਂ ਕਿਉਂਕਿ ਸਾਡੇ ਪਿੰਡ ਦੀਆਂ ਦੁਕਾਨਾਂ ਤੋਂ ਹਰ ਤਰ੍ਹਾਂ ਦੀਆਂ ਮਹੱਤਵਪੂਰਣ ਚੀਜ਼ਾਂ ਮਿਲਦੀਆਂ ਹਨ। ਪਹਿਲਾਂ ਲੋਕ ਸ਼ਹਿਰ ਨੂੰ ਟੈਂਪੂ ਵਿੱਚ ਜਾਂਦੇ ਸਨ ਪਰ ਹੁਣ ਇੱਕ ਸਰਕਾਰੀ ਬੱਸ ਵੀ ਸ਼ੁਰੂ ਹੋ ਗਈ ਹੈ। ਮੇਰੇ ਪਿੰਡ ਵਿੱਚ ਬਹੁਤ ਸ਼ਾਨਦਾਰ ਕੋਠੀਆਂ ਹਨ ਕਿਉਂਕਿ ਇੱਥੋਂ ਦੇ ਬਹੁਤੇ ਲੋਕ ਵਿਦੇਸ਼ਾਂ ਵਿੱਚ ਰਹਿੰਦੇ ਹਨ।

ਕਿਹੜੇ **ਚਾਰ** ਵਾਕ ਠੀਕ ਹਨ ?

| | |
|---|---|
| **A** | ਉਸ ਦੇ ਪਿੰਡ ਵਿੱਚ ਸਿਰਫ ਅੰਗਰੇਜ਼ੀ ਸਕੂਲ ਹੀ ਹਨ। |
| **B** | ਵਿਦਿਆਰਥੀ ਹਾਈ ਸਕੂਲ ਤੱਕ ਦੀ ਪੜ੍ਹਾਈ ਪਿੰਡ ਵਿੱਚ ਕਰ ਸਕਦੇ ਹਨ। |
| **C** | ਅੱਗੇ ਦੀ ਪੜ੍ਹਾਈ ਕਰਨ ਲਈ ਵੀ ਪਿੰਡ ਵਿੱਚ ਪ੍ਰਬੰਧ ਕੀਤਾ ਗਿਆ ਹੈ। |
| **D** | ਪਿੰਡ ਦੇ ਬਹੁਤੇ ਵਿਦਿਆਰਥੀ ਉੱਚ-ਵਿੱਦਿਆ ਪ੍ਰਾਪਤ ਕਰਨਾ ਚਾਹੁੰਦੇ ਹਨ। |
| **E** | ਵਿਦੇਸ਼ ਵਿੱਚ ਪੜ੍ਹਾਈ ਕਰਨ ਲਈ ਕੋਈ ਵੀ ਵਿਦਿਆਰਥੀ ਤਿਆਰ ਨਹੀਂ ਹੈ। |
| **F** | ਪਿੰਡ ਦੀਆਂ ਦੁਕਾਨਾਂ ਤੋਂ ਹਰ ਤਰ੍ਹਾਂ ਦਾ ਜ਼ਰੂਰੀ ਸਾਮਾਨ ਮਿਲ ਸਕਦਾ ਹੈ। |
| **G** | ਲੋਕਾਂ ਦੇ ਸ਼ਹਿਰ ਆਉਣ-ਜਾਣ ਲਈ ਸਰਕਾਰ ਵੱਲੋਂ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ। |
| **H** | ਪਿੰਡ ਵਿੱਚ ਸੁਹਣੇ ਘਰ ਬਾਹਰਲੇ ਦੇਸ਼ਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਹਨ। |

**ਠੀਕ** ਵਾਕ ਵਾਲੇ ਅੱਖਰ ਖਾਨਿਆਂ ਵਿੱਚ ਲਿਖੋ।

☐ ☐ ☐ ☐

**[4 marks]**

4

**Turn over ▶**

Do not write outside the box

**1 1** **ਪੰਜਾਬ ਦੇ ਸਕੂਲ**

ਪੰਜਾਬੀ ਰਸਾਲੇ ਵਿੱਚੋਂ ਪੰਜਾਬ ਦੇ ਸਕੂਲਾਂ ਬਾਰੇ ਇੱਕ ਆਰਟੀਕਲ ਪੜ੍ਹੋ ।

ਪੰਜਾਬ ਦੇ ਕਈ ਸਰਕਾਰੀ ਸਕੂਲਾਂ ਦੀਆਂ ਛੱਤਾਂ ਮੀਂਹ ਵਿੱਚ ਚੋਂਦੀਆਂ ਹਨ । ਕਈ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਅਤੇ ਟੌਇਲਟਾਂ ਦਾ ਕੋਈ ਪ੍ਰਬੰਧ ਨਹੀਂ ਹੈ । ਲਾਇਬ੍ਰੇਰੀ ਦੀਆਂ ਕਿਤਾਬਾਂ ਅਲਮਾਰੀਆਂ ਵਿੱਚ ਹੀ ਪਈਆਂ ਰਹਿੰਦੀਆਂ ਹਨ ਕਿਉਂਕਿ ਲਾਇਬ੍ਰੇਰੀਅਨ ਦੀ ਕੋਈ ਪੋਸਟ ਹੀ ਨਹੀਂ ਹੈ । ਪ੍ਰਾਈਵੇਟ ਸਕੂਲਾਂ ਵਿੱਚ ਵਧੀਆ ਖੇਡਾਂ ਦੇ ਮੈਦਾਨ, ਸ਼ਾਨਦਾਰ ਲਾਇਬ੍ਰੇਰੀਆਂ ਅਤੇ ਹੋਰ ਮਾਡਰਨ ਸਹੂਲਤਾਂ ਹਨ । ਸਰਕਾਰੀ ਸਕੂਲ ਬੱਚਿਆਂ ਦੀ ਪੜ੍ਹਾਈ ਬਾਰੇ ਗੱਲਬਾਤ ਕਰਨ ਲਈ ਮਾਪਿਆਂ ਅਤੇ ਅਧਿਆਪਕਾਂ ਵਿੱਚ ਮੁਲਾਕਾਤ ਦਾ ਪ੍ਰਬੰਧ ਕਰਨਾ ਜ਼ਰੂਰੀ ਨਹੀਂ ਸਮਝਦੇ । ਪ੍ਰਾਈਵੇਟ ਸਕੂਲਾਂ ਵਿੱਚ ਮਾਪੇ ਅਤੇ ਅਧਿਆਪਕ ਬਹਾਰ ਦੀ ਰੁੱਤ ਵਿੱਚ ਅਤੇ ਪੱਤੇ ਝੜਨ ਦੀ ਰੁੱਤ ਵਿੱਚ ਮਿਲਦੇ ਹਨ ।

ਹੁਣ ਪੰਜਾਬ ਸਰਕਾਰ ਪੁਰਾਣੇ ਸਕੂਲਾਂ ਦੀ ਜਗ੍ਹਾ ਤੇ ਮਾਡਰਨ ਸਹੂਲਤਾਂ ਵਾਲੇ ਸ਼ਾਨਦਾਰ ਸਰਕਾਰੀ ਸਕੂਲ ਬਣਾ ਰਹੀ ਹੈ । ਪੰਜਾਬ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਜੁਰਮਾਨੇ ਲਗਾਉਣ ਦੇ ਵਿਰੁੱਧ ਸਖਤ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ । ਪੰਜਾਬ ਸਰਕਾਰ ਨੇ ਸਰਕਾਰੀ ਅਤੇ ਗੈਰ-ਸਰਕਾਰੀ ਇਮਾਰਤਾਂ ਤੇ ਬੋਰਡ ਵੀ ਪੰਜਾਬੀ ਭਾਸ਼ਾ ਵਿੱਚ ਲਿਖਣ ਦੇ ਹੁਕਮ ਦਿੱਤੇ ਹਨ ।

ਸਹੀ ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ ।

**1 1 . 1** ਪੰਜਾਬ ਦੇ ਕਈ ਸਰਕਾਰੀ ਸਕੂਲਾਂ ਦੀ ਹਾਲਤ ਕਿਹੋ ਜਿਹੀ ਹੈ ?

| | |
|---|---|
| **A** | ਬਹੁਤ ਚੰਗੀ ਹੈ |
| **B** | ਬਹੁਤ ਮਾੜੀ ਹੈ |
| **C** | ਨਾ ਚੰਗੀ ਤੇ ਨਾ ਮਾੜੀ |

**[1 mark]**

**1 1 . 2** ਕਿਹੜੀ ਸਹੂਲਤ ਪੰਜਾਬ ਦੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿਚਾਲੇ ਸਾਂਝੀ ਹੈ ?

| | |
|---|---|
| **A** | ਖੇਡ ਦਾ ਮੈਦਾਨ |
| **B** | ਟੌਇਲਟ |
| **C** | ਲਾਇਬ੍ਰੇਰੀ |

**[1 mark]**

Do not write outside the box

**1 1 . 3** ਸਰਕਾਰੀ ਸਕੂਲਾਂ ਵਿੱਚ ਹਰ ਸਾਲ ਮਾਪਿਆਂ ਅਤੇ ਅਧਿਆਪਕਾਂ ਵਿੱਚ ਕਿੰਨੀਆਂ ਮੀਟਿੰਗਾਂ ਹੁੰਦੀਆਂ ਹਨ ?

| | |
|---|---|
| **A** | ਦੋ ਵਾਰੀ |
| **B** | ਤਿੰਨ ਵਾਰੀ |
| **C** | ਕੋਈ ਵੀ ਨਹੀਂ |

☐ **[1 mark]**

**1 1 . 4** ਪ੍ਰਾਈਵੇਟ ਸਕੂਲਾਂ ਵਿੱਚ ਕਿਹੜੀਆਂ ਰੁੱਤਾਂ ਵਿੱਚ ਮਾਪੇ ਅਤੇ ਅਧਿਆਪਕ ਮਿਲਦੇ ਹਨ ?

| | |
|---|---|
| **A** | ਬਸੰਤ ਅਤੇ ਪਤਝੜ ਦੀ ਰੁੱਤ ਵਿੱਚ |
| **B** | ਪਤਝੜ ਅਤੇ ਸਰਦੀ ਦੀ ਰੁੱਤ ਵਿੱਚ |
| **C** | ਸਰਦੀ ਅਤੇ ਗਰਮੀ ਦੀ ਰੁੱਤ ਵਿੱਚ |

☐ **[1 mark]**

**1 1 . 5** ਪੰਜਾਬ ਸਰਕਾਰ, ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਕਰਨ ਲਈ ਕਿਹੜਾ ਕਦਮ ਉਠਾ ਰਹੀ ਹੈ ?

| | |
|---|---|
| **A** | ਇਮਾਰਤਾਂ ਨੂੰ ਵਧੀਆਂ ਬਣਾਉਣ ਦਾ। |
| **B** | ਵੱਡੀਆਂ ਕਲਾਸਾਂ ਨੂੰ ਛੋਟਾ ਕਰਨ ਦਾ। |
| **C** | ਅਧਿਆਪਕਾਂ ਲਈ ਸਿਖਲਾਈ ਦਾ। |

☐ **[1 mark]**

**1 1 . 6** ਪੰਜਾਬ ਸਰਕਾਰ ਭਵਿੱਖ ਵਿੱਚ ਸਿੱਖਿਆ ਦੇ ਕਿਹੜੇ ਪੱਖ ਨੂੰ ਪਹਿਲ ਦੇਵੇਗੀ ?

| | |
|---|---|
| **A** | ਕੱਚੇ ਅਧਿਆਪਕਾਂ ਨੂੰ ਛੇਤੀ ਪੱਕਾ ਕਰਨ। |
| **B** | ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਸੁਧਾਰਨ। |
| **C** | ਵਿੱਦਿਆ ਦੇ ਪੱਧਰ ਨੂੰ ਸੁਧਾਰਨ। |

☐ **[1 mark]**

6

**Turn over for Section C**

Do not write outside the box

## Section C

Translation into **English**

**1 2** Your Panjabi friend has sent you an email telling you about his family in the Punjab. Translate the message into **English**.

ਮੇਰੇ ਚਾਚਾ ਜੀ ਚੰਡੀਗੜ੍ਹ ਵਿੱਚ ਰਹਿੰਦੇ ਹਨ। ਪਰ, ਉਨ੍ਹਾਂ ਦਾ ਪਰਿਵਾਰ ਪਿੰਡ ਵਿੱਚ ਰਹਿੰਦਾ ਹੈ। ਪੁਲਿਸ ਦੀ ਨੌਕਰੀ ਦੌਰਾਨ, ਉਨ੍ਹਾਂ ਨੇ ਕਈ ਸ਼ਹਿਰਾਂ ਵਿੱਚ ਕੰਮ ਕੀਤਾ, ਇਸ ਕਰਕੇ, ਉਨ੍ਹਾਂ ਨੇ ਕਦੇ ਵੀ ਆਪਣੇ ਪਰਿਵਾਰ ਨੂੰ ਨਾਲ ਨਹੀਂ ਰੱਖਿਆ। ਉਨ੍ਹਾਂ ਨੂੰ ਸ਼ਹਿਰ ਵਿੱਚ ਰਹਿਣਾ ਪਸੰਦ ਹੈ ਪਰ ਆਪਣੀ ਰਿਟਾਇਰਮੈਂਟ ਤੋਂ ਬਾਅਦ ਉਹ ਪਿੰਡ ਵਿੱਚ ਹੀ ਰਹਿਣਗੇ।

**[9 marks]**

9

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE
ANSWER IN THE SPACES PROVIDED**

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2024 AQA and its licensors. All rights reserved.